ਨੰ: 10/9/2009-ਰਸ1/62 — 138 —

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ 8-1-2010

ਵਿਸ਼ਾ:- ਪਛੜੀਆਂ ਸ਼੍ਰੇਣੀਆਂ ਨੂੰ ਜਾਰੀ ਹੋਏ ਜਾਤੀ ਸਰਟੀਫਿਕੇਟਾਂ ਦੀ ਵੈਲਿਡਟੀ ਬਾਰੇ।

*****

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 1/41/96- ਆਰ.ਸੀ1/11001-ਏ-11002-ਬੀ, ਮਿਤੀ 5-12-1996 ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪਛੜੀਆਂ ਸ਼੍ਰੇਣੀਆਂ ਨੂੰ ਜਾਰੀ ਹੋਏ ਜਾਤੀ ਸਰਟੀਫਿਕੇਟਾਂ ਦੀ ਵੈਲਿਡਟੀ ਬਾਰੇ ਸਥਿਤੀ ਸਪਸ਼ਟ ਨਾ ਹੋਣ ਕਾਰਨ ਉਹਨਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਤੋਂ ਛੁਟਕਾਰਾ ਦਿਵਾਉਣ ਲਈ ਸਰਕਾਰ ਵੱਲੋਂ ਇਹ ਮਾਮਲਾ ਮੁੜ ਗਹੁ ਨਾਲ ਵਿਚਾਰਿਆ ਗਿਆ ਹੈ ਅਤੇ ਫੈਸਲਾ ਕੀਤਾ ਗਿਆ ਹੈ ਕਿ ਪਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫਿਕੇਟ ਉਸ ਸਮੇਂ ਤੱਕ ਵੈਲਿਡ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆ ਜਾਂਦਾ। ਇਸ ਸਬੰਧ ਵਿੱਚ ਸਬੰਧਤ ਵਿਭਾਗ ਵੱਲੋਂ ਪ੍ਰਾਰਥੀ ਕੋਲੋਂ ਇੱਕ ਘੋਸ਼ਣਾ-ਪੱਤਰ (ਡੈਕਲੇਅਰੇਸ਼ਨ) ਉਸ ਵੱਲੋਂ ਅਪਲਾਈ ਕਰਨ ਸਮੇਂ ਪ੍ਰਤੀ-ਬੇਨਤੀ ਦੇ ਨਾਲ ਹੀ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਇਹ ਸਪਸ਼ਟ ਤੌਰ ਤੇ ਲਿਖਿਆ ਗਿਆ ਹੋਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

2. ਇਹ ਵੀ ਲਿਖਿਆ ਜਾਂਦਾ ਹੈ ਕਿ ਨਿਯੁਕਤੀ-ਕਰਤਾ ਅਧਿਕਾਰੀ ਵੱਲੋਂ ਪ੍ਰਾਰਥੀ ਦੁਆਰਾ ਪੇਸ਼ ਕੀਤੇ ਗਏ ਜਾਤੀ ਸਰਟੀਫਿਕੇਟ ਦੇ ਜਾਇਜ ਹੋਣ ਬਾਰੇ ਪੁਸ਼ਟੀ ਸਰਕਾਰ ਦੇ ਪੱਤਰ ਨੰ: 1/41/93-ਆਰ.ਸੀ1/459, ਮਿਤੀ 17-1-1994 ਨਾਲ ਨੱਥੀ ਅਨੁਲਗ ਵਿੱਚ ਦਰਜ ਕੰਡੀਸ਼ਨਾਂ ਅਨੁਸਾਰ ਕਰਾਉਣੀ ਆਪਣੇ ਪੱਧਰ ਤੇ ਯਕੀਨੀ ਬਣਾਈ ਜਾਵੇਗੀ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਟੀ.ਕੇ.ਗੋਇਲ)

ਸੰਯੁਕਤ ਸਕੱਤਰ ਭਲਾਈ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: ਨੰ: 10/9/2009-ਰਸ1/63 ਮਿਤੀ,ਚੰਡੀਗੜ੍ਹ 8-1-2010

ਪਿਠ ਅੰਕਣ ਨੰ: 10/9/2009-ਰਸ1/64 ਮਿਤੀ,ਚੰਡੀਗੜ੍ਹ 8-1-2010

ਉਤਾਰਾ ਡਾਇਰੈਕਟਰ,ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ ਨੂੰ ਉਹਨਾਂ ਦੇ ਮੀਮੋ ਨੰ: ਸ-26/1189, ਮਿਤੀ 23-12-2009 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ